StudySite.org
StudySite.org

# QUESTION BOOKLET AND ANSWER KEY

# FOR RECRUITMENT TEST OF

# Stenotypist & Clerk(Punjabi Medium)

# HELD ON 21.4.2013

StudySite.org

StudySite.org
StudySite.org

StudySite.org StudySite.org

PUNJABI VERSION

## PART-I (COMMON FOR STENOTYPISTS AND CLERKS)

1. ‘ਉਲਟੀ ਵਾੜ ਖੇਤ ਨੂੰ ਖਾਏ’ ਕੀ ਹੈ:

(A) ਮੁਹਾਵਰਾ (B) ਵਾਕਾਂਸ਼ (C) ਨਾਂਵ (D) ਅਖਾਣ

2. ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ ਸ਼ੁੱਧ ਹੈ:

(A) ਸਹਿੰਦਾ (B) ਸਹੀਂਦਾ (C) ਸੀਂਹਦਾ (D) ਸੈਹੰਦਾ

3. ਵਿਸ਼ੇਸ਼ਣ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ:

(A) ਚਾਰ (B) ਪੰਜ (C) ਅੱਠ (D) ਦਸ

4. ਦੁਸ਼ਮਣ, ਵੈਰੀ, ਸ਼ੱਤਰੂ ਦਾ ਹੋਰ ਕਿਹੜਾ ਸਾਮਾਨਰਥੀ ਸ਼ਬਦ ਹੋ ਸਕਦਾ ਹੈ:

(A) ਹੰਕਾਰੀ (B) ਕਾਤਲ (C) ਵਿਰੋਧੀ (D) ਦੁਜੈਲਾ

5. ‘ਮਦਾਣੀ’ ਸ਼ਬਦ ਨੂੰ ਸ਼ੁੱਧ ਕਰੋ:

(A) ਣੀ (B) ਦਾ (C) ਮੰ (D) ਧਾ

6. Choose the part of the following sentence that has an error:-

| In him | was centred | their love | and their ambition. |
|---|---|---|---|
| A | B | C | D |

7. Choose the part of the following sentence that has an error:-

| Time | and tide | wait | for no man. |
|---|---|---|---|
| A | B | C | D |

8. Choose the part of the following sentence that has an error:-

| Sanskrit, | as well as Arabic, | were | taught there. |
|---|---|---|---|
| A | B | C | D |

9. Choose the correct meaning of the following idiom:-

To catch a Tartar in somebody.

A) to find somebody more formidable than you expected.

B) to find somebody more kind than you expected.

C) to find somebody more passive than you expected.

D) to find somebody more peaceful than you expected.

10. Choose the correct meaning of the following idiom:-

To make a pile.

A) to make a fortune B) to commit mistakes C) to exploit others D) to help others



StudySite.org StudySite.org

StudySite.org StudySite.org

11 ਗਦਰ ਪਰਚੇ ਦਾ ਮੁੱਖ ਸੰਪਾਦਕ ਕੌਣ ਸੀ:

(A) ਲਾਲਾ ਲਾਜਪਤ ਰਾਇ (B) ਭਗਤ ਸਿੰਘ

(C) ਲਾਲਾ ਹਰਦਿਆਲ (D) ਗੁਰਦਿੱਤ ਸਿੰਘ

12. PUNGRAIN ਨੇ HDFC ਦੇ ਸਹਿਯੋਗ ਨਾਲ 'KAIRON' ਸ਼ੁਰੂ ਕੀਤਾ ਜਿਹੜਾ ਈ-ਪ੍ਰਬੰਧਨ ਵਲ ਇਕ ਕਦਮ ਹੈ । 'KAIRON' ਦਾ ਸੰਬੰਧ ਕਿਸ ਨਾਲ ਹੈ:

(A) Kisan Association Information Network

(B) Kisan Arhtia Information and Remittance online Network

(C) Knowledge and Assistant Programme to Kisan

(D) Kisan Credit Cards

13. ਰਾਜਸਥਾਨ ਨਹਿਰ ਕਿਹੜੀ ਥਾਂ ਤੋਂ ਨਿਕਲਦੀ ਹੈ :

(A) ਹਰੀਕੇ (B) ਰਾਮਪੁਰਾ ਫੂਲ (C) ਜੈਤੋ (D) ਡਬਵਾਲੀ

14. ਔਰਤਾਂ 'ਹੱਸ' ਜ਼ੇਵਰ ਸਰੀਰ ਦੇ ਕਿਹੜੇ ਹਿੱਸੇ ਉਪਰ ਪਹਿਨਦੀਆਂ ਹਨ :

(A) ਗੁੱਟ (B) ਗਰਦਨ (C) ਸਿਰ (D) ਨੱਕ

15. ਬਾਇਓ-ਟੈਕਨਾਲੋਜੀ ਪਾਰਕ ਕਿਹੜੇ ਸ਼ਹਿਰ ਵਿਚ ਸਰਕਾਰੀ-ਗੈਰ ਸਰਕਾਰੀ ਸਹਿਭਾਗਿਤਾ ਨਾਲ ਸਥਾਪਿਤ ਕੀਤਾ ਜਾ ਰਿਹਾ ਹੈ:

(A) ਅਮ੍ਰਿਤਸਰ (B) ਲੁਧਿਆਣਾ (C) ਬਠਿੰਡਾ (D) ਮੁਹਾਲੀ

16. ਫਲੋਰੈਂਸ ਨਾਇਟਿੰਗੇਲ ਨੂੰ ਕਿਸ ਨਾਲ ਸੰਬੰਧਿਤ ਕੀਤਾ ਜਾਂਦਾ ਹੈ :

(A) ਵਿਸ਼ਵ ਯੁੱਧ-I (B) ਵਿਸ਼ਵ-ਯੁੱਧ-II (C) ਕ੍ਰੀਮੀਅਨ ਯੁੱਧ (D)ਲੈਪਜ਼ਿਗ ਦੀ ਲੜਾਈ

17. SAARC ਦਾ ਪਹਿਲਾ ਚੇਅਰਮੈਨ ਕੌਣ ਸੀ :

(A) ਮਿਸਟਰ ਜ਼ਿਆਉਰ ਰਹਿਮਾਨ (B) ਲੈਫ. ਜਨ. ਐਚ.ਐਮ. ਇਰਸ਼ਾਦ

(C) ਰਾਜਾ ਬਿਰੇਂਦਰ (D) ਸ਼੍ਰੀਮਤੀ ਇੰਦਰਾ ਗਾਂਧੀ

18. ਡਾ. ਹਰਗੋਬਿੰਦ ਖੁਰਾਨਾ ਨੂੰ ਨੋਬੇਲ ਪ੍ਰਾਇਜ਼ ਕਿਸ ਵਾਸਤੇ ਮਿਲਿਆ ਸੀ :

(A) ਅਨੁਵੰਸ਼ਿਕ ਕੋਡ ਦੀ ਵਿਆਖਿਆ ਲਈ (B) ਰੱਤ ਸਮੂਹਨ ਲਈ

(C) DNA ਦੀ ਖੋਜ ਲਈ (D) ਬਣਾਉਟੀ ਜੀਨਜ਼ ਲਈ

19. ਭੂਚਾਲ ਦੇ ਅਧਿਐਨ ਨੂੰ ਆਖਦੇ ਹਨ:

(A) ਪਰਿਸਥਿਤੀ-ਵਿਗਿਆਨ (B) ਜ਼ਲਜ਼ਲਾ-ਵਿਗਿਆਨ

(C) ਮੁਦਰਾ-ਸ਼ਾਸਤਰ (D) ਭਾਸ਼ਾ-ਸ਼ਾਸਤਰ



StudySite.org StudySite.org

StudySite.org StudySite.org

20. ਟ੍ਰਾਂਸਫਾਰਮਰ ਦੀ ਵਰਤੋਂ ਕੀਤੀ ਜਾਂਦੀ ਹੈ :
(A) DC ਵੋਲਟੇਜ ਨੂੰ ਵਧਾਉਣ ਲਈ
(B) AC ਵੋਲਟੇਜ ਨੂੰ ਵਧਾਉਣ ਲਈ ਜਾਂ ਘਟਾਉਣ ਲਈ
(C) DC ਵੋਲਟੇਜ ਨੂੰ ਘਟਾਉਣ ਲਈ
(D) DC ਨੂੰ AC ਵਿਚ ਬਦਲਣ ਲਈ

21. ਅੱਥਰੂ-ਗੈਸ ਵਜੋਂ ਕਿਹੜੀ ਗੈਸ ਦੀ ਵਰਤੋਂ ਕੀਤੀ ਜਾਂਦੀ ਹੈ :
(A) ਹਾਈਡ੍ਰੋਜਨ ਸਲਫਾਈਡ (B) ਸੋਡੀਅਮ ਸਲਫਾਈਡ
(C) ਕੈਲਸ਼ੀਅਮ ਸਲਫਾਈਡ (D) ਕਾਰਬਨ ਸਲਫੀਡ੍ਰਿਲ

22. ਹਰੇ ਪੌਦੇ ਕਿਸ ਦੀ ਮੌਜੂਦਗੀ ਵਿਚ ਆਹਾਰ ਦਾ ਨਿਰਮਾਣ ਕਰਦੇ ਹਨ:
(A) ਪ੍ਰਕਾਸ਼ (B) ਹਨੇਰਾ (C) ਤਾਪ (D) ਖਣਿਜੀ ਨਮਕ

23. ਸਰੀਰ ਵਿਚ ਖ਼ੂਨ ਕਿਸ ਦੀ ਮੌਜੂਦਗੀ ਕਰਕੇ ਨਹੀਂ ਜੰਮਦਾ ਹੈ :
(A) ਹੀਮੋਗਲੋਬਿਨ (B) ਹੈਪਾਰਿਨ (C) ਫਾਈਬ੍ਰਿਨ (D) ਪਲਾਜ਼ਮਾ

24. ਵਿਸ਼ਵ ਤਾਪਣ ਦੇ ਸੰਭਵ ਪ੍ਰਭਾਵ ਦੀ ਉਦਾਹਰਨ ਕਿਹੜੀ ਹੈ:
(A) ਭਾਰਤੀ ਕਣਕ-ਪੱਟੀ ਵਿਚ ਵੱਧ ਬਾਰਿਸ਼ ਹੋ ਸਕਦੀ ਹੈ
(B) ਅਨਾਜ ਦਾ ਉਤਪਾਦਨ ਵਧਣ ਦੀ ਸੰਭਾਵਨਾ ਹੈ
(C) ਸਮੁੰਦਰ ਦੀ ਸਤਹ ਵਧ ਜਾਏਗੀ
(D) ਸਮੁੰਦਰ ਦੀ ਸਤਹ ਘਟਣ ਨਾਲ ਨਵਾਂ ਦੀਪ ਬਣ ਜਾਏਗਾ

StudySite.org

25. ਪੁਰਾ-ਮਾਨਵ ਵਿਗਿਆਨੀ ਅਜੇਹਾ ਵਿਗਿਆਨੀ ਹੈ ਜੋ ਅਧਿਐਨ ਕਰਦਾ ਹੈ:
(A)ਚੱਟਾਨਾਂ (B) ਜੀਵਾਸ਼ਮ (C) ਪੁਰਾਣਾ DNA (D)ਪੂਰਣ-ਇਤਿਹਾਸਕ ਜੀਵਨ

26. ਰਾਸ਼ਟਰ-ਪਿਤਾ ਦਾ ਰਾਜਨੀਤਿਕ ਗੁਰੂ ਕੌਣ ਸੀ :
(A) ਮਾਲਵੀਆ (B) ਗੋਖਲੇ (C) ਦਾਦਾਭਾਈ ਨਾਰੋਜੀ (D) ਰਾਬਿੰਦਰ ਨਾਥ ਟੈਗੋਰ

27. ਸੰਸਦ ਦੇ ਸੈਸ਼ਨਾਂ ਵਿਚ ਅਧਿਕਤਮ ਅੰਤਰ ਕਿੰਨਾ ਹੋ ਸਕਦਾ ਹੈ :
(A) 4 ਮਹੀਨੇ (B) 6 ਮਹੀਨੇ (C) 9 ਮਹੀਨੇ (D) 12 ਮਹੀਨੇ

28 ਵਿਸ਼ਵ ਵਿਚ ਜਨਸੰਖਿਆ ਨੂੰ ਕੰਟ੍ਰੋਲ ਕਰਨ ਲਈ ਸਰਕਾਰੀ ਤੌਰ ਤੇ ਪਰਿਵਾਰ ਨਿਯੋਜਨ ਪ੍ਰੋਗ੍ਰਾਮ ਨੂੰ ਸਮਰਥਨ ਦੇਣ ਵਾਲਾ ਪਹਿਲਾ ਦੇਸ਼ ਸੀ:
(A) ਚੀਨ (B) ਵੈਨਜ਼ੁਏਲਾ (C) ਭਾਰਤ (D) ਮਿਆਂਮਾਰ



StudySite.org StudySite.org

StudySite.org StudySite.org

29. ਪੰਦਵਾਨੀ ਸੰਗੀਤ ਉਪਰ ਸੈੱਟ ਕੀਤਾ ਪੁਰਾਣਿਕ ਬਿਰਤਾਂਤ ਹੈ ਅਤੇ ਇਹ ਕਿਸ ਨਾਲ ਸੰਬੰਧਿਤ ਹੈ :
(A) ਮੱਧ ਪ੍ਰਦੇਸ਼ (B) ਹਿਮਾਚਲ ਪ੍ਰਦੇਸ਼ (C) ਤਾਮਿਲ ਨਾਡੂ (D) ਉੱਤਰ ਪ੍ਰਦੇਸ਼

30. ਚੰਡੀਗੜ੍ਹ ਕਿਸ ਦੇ ਪੈਰਾਂ ਵਿਚ ਸਥਿਤ ਹੈ :
(A) ਸ਼ਿਮਲਾ ਪਹਾੜੀਆਂ (B) ਮੋਰਨੀ ਪਹਾੜੀਆਂ
(C) ਹਿਮਾਲਾ ਪਰਬਤ-ਲੜੀ (D) ਸ਼ਿਵਾਲਿਕ ਪਹਾੜੀਆਂ

31. ਭਾਰਤ ਵਿਚ ਦਸ਼ਮਲਵ ਮੁਦਰਾ ਪ੍ਰਣਾਲੀ ਕਦੋਂ ਸ਼ੁਰੂ ਕੀਤੀ ਗਈ :
(A) ਜਨਵਰੀ 1955 (B) ਅਪਰੈਲ 1957 (C) ਅਪਰੈਲ 1951 (D) ਅਪਰੈਲ 1955


32. ਭਾਰਤ ਦਾ ਰਾਸ਼ਟਰੀ ਝੰਡਾ ਸਭ ਤੋਂ ਪਹਿਲਾਂ ਕਿਥੇ ਲਹਿਰਾਇਆ ਗਿਆ ਸੀ :
(A) ਰਾਸ਼ਟਰਪਤੀ ਭਵਨ (B) ਲਾਲ ਕਿਲਾ, ਦਿੱਲੀ
(C) ਸੰਸਦ ਭਵਨ (D) ਇੰਡੀਆ ਗੇਟ

33. ਐਸ. ਐਚ. ਕਪਾਡੀਆ ਦੀ ਸੇਵਾ-ਨਿਵ੍ਰਿਤੀ ਤੋਂ ਬਾਅਦ ਭਾਰਤ ਦਾ ਮੁੱਖ ਨਿਆਇਧੀਸ਼ (39-ਵਾਂ) ਪਿਛੇ ਜੇਹੇ ਕਿਸ ਨੂੰ ਨਿਯੁਕਤ ਕੀਤਾ ਗਿਆ ਹੈ :
(A) ਅਲਤਮਸ ਕਬੀਰ (B) ਜੇ. ਐਸ. ਵਰਮਾ
(C) ਐਸ. ਵਾਈ. ਕੁਰੈਸ਼ੀ (D) ਦਲਵੀਰ ਭੰਡਾਰੀ

34. ਬਰਾਕ ਓਬਾਮਾ ਨੇ ਯੂ ਐਸ ਏ ਵਿਚ ਰਾਸ਼ਟਰਪਤੀ ਦੀ ਦੂਜੀ ਅਵਧੀ ਲਈ ਪਿਛੇ ਜੇਹੇ ਕਿਸ ਨੂੰ ਹਰਾ ਕੇ ਜਿੱਤ ਹਾਸਲ ਕੀਤੀ :
(A) ਹਿਲੈਰੀ ਕਲਿੰਟਨ (B) ਅਲ ਗੋਰੇ (C) ਆਰਨਲਡ ਸ਼ਵਾਰਸ਼ਨੇਗਰ (D) ਮਿਟ ਰੋਮਨੀ

35. ਹੁਣੇ ਹੁਣੇ ਸਚਿਨ ਤੇਂਦੁਲਕਰ ਪਹਿਲਾ ਭਾਰਤੀ ਖਿਡਾਰੀ ਅਤੇ ਦੂਜਾ ਭਾਰਤੀ ਹੋਇਆ ਹੈ ਜਿਸ ਨੂੰ 'ਆਰਡਰ ਆਫ ਆਸਟ੍ਰੇਲੀਆ' ਦੀ ਮੈਂਬਰੀ ਨਾਲ ਵਰੋਸਾਇਆ ਜਾਣਾ ਹੈ। ਇਸ ਸਨਮਾਨ ਨੂੰ ਪ੍ਰਾਪਤ ਕਰਨ ਵਾਲਾ ਪਹਿਲਾ ਵਿਅਕਤੀ ਕੌਣ ਸੀ :
(A) ਵੀ.ਆਰ. ਕ੍ਰਿਸ਼ਨਾ ਆਇਰ (B) ਸੋਲੀ ਸੋਰਾਬਜੀ
(C) ਟੀ. ਐਨ. ਸੇਸ਼ਨ (D) ਜੇ. ਐਮ. ਲਿੰਗਦੋਹ

36. ਹੇਠ ਲਿਖੇ ਵਿਕਲਪਾਂ ਵਿਚੋਂ ਪ੍ਰਸ਼ਨ-ਚਿੰਨ੍ਹ ਨੂੰ ਬਦਲੋ :





(A) 6 (B) 7 (C) 8 (D) 9




StudySite.org StudySite.org

StudySite.org StudySite.org

37. ਹੇਠ ਲਿਖੇ ਵਿਕਲਪਾਂ ਵਿਚੋਂ ਚਿੱਤਰਾ ਦੇ ਜਲ ਪ੍ਰਤੀਕ ਨੂੰ ਮਾਲੂਮ ਕਰੋ :






38. ਚਾਰ ਵਿਕਲਪਾਂ ਵਿਚੋਂ, ਸੰਖਿਆਵਾਂ ਦੇ ਉਸ ਸੈੱਟ ਦੀ ਚੋਣ ਕਰੋ ਜਿਹੜਾ ਪ੍ਰਦੱਤ ਸੈੱਟ ਦਾ ਸਮਰੂਪ ਹੈ :
ਪ੍ਰਦੱਤ ਸੈਟ: (63,49,35)
(A) (70,40,29) (B) (72,48,29) (C) (69, 40, 28) (D) (81,63,45)

39. ਜੇ MINERAL ਨੂੰ QRSTUVW ਲਿਖਿਆ ਜਾਂਦਾ ਹੈ ਅਤੇ SOUND ਨੂੰ ABCSD ਲਿਖਿਆ ਜਾਂਦਾ ਹੈ, ਤਾਂ READER ਨੂੰ ਕਿਵੇਂ ਲਿਖਿਆ ਜਾਵੇਗਾ:
(A) SBFEFS (B) UTVDTU (C) TUDVUT (D) QDZCDQ

40. ਦੀਪਕ ਨੇ ਨਿਤਿਨ ਨੂੰ ਕਿਹਾ, "ਫੁਟਬਾਲ ਖੇਡ ਰਿਹਾ ਉਹ ਮੁੰਡਾ ਮੇਰੇ ਪਿਤਾ ਦੀ ਪਤਨੀ ਦੀ ਬੇਟੀ ਦੇ ਦੋ ਭਰਾਵਾਂ ਵਿਚੋਂ ਛੋਟਾ ਹੈ ।" ਉਸ ਮੁੰਡੇ ਦਾ ਦੀਪਕ ਨਾਲ ਕੀ ਰਿਸ਼ਤਾ ਹੈ :
(A) ਬੇਟਾ (B) ਭਰਾ (C) ਕਜ਼ਨ (D) ਨੈਫਿਊ

41. 'A+B' ਦਾ ਮਤਲਬ ਹੈ 'A,B ਦੀ ਬੇਟੀ ਹੈ' ; 'A-B' ਦਾ ਮਤਲਬ ਹੈ 'A,B ਦਾ ਪਤੀ ਹੈ'; 'AxB' ਦਾ ਮਤਲਬ ਹੈ 'A,B ਦਾ ਭਰਾ ਹੈ। PxQ+R ਦਾ ਕੀ ਮਤਲਬ ਹੈ :
(A) P,R ਦਾ ਭਰਾ ਹੈ (B) P,R ਦਾ ਅੰਕਲ ਹੈ
(C) P,R ਦਾ ਬੇਟਾ ਹੈ (D) P,R ਦਾ ਪਿਤਾ ਹੈ

42. A,B,C,D, E,F ਅਤੇ G ਇਕ ਸਰਕਲ ਵਿਚ ਬੈਠੇ ਹਨ ਅਤੇ ਉਨ੍ਹਾਂ ਦੇ ਮੂੰਹ ਕੇਂਦਰ ਵਲ ਹਨ। G,C ਦੇ ਖੱਬੇ ਪਾਸਿਓਂ ਦੂਜਾ ਹੈ ਜਿਹੜਾ F ਦੇ ਐਨ ਨਾਲ ਖੱਬੇ ਪਾਸੇ ਹੈ । A,E ਦੇ ਖੱਬੇ ਪਾਸੇ ਤੋਂ ਤੀਜਾ ਹੈ । B,D ਅਤੇ E ਦੇ ਦਰਮਿਆਨ ਹੈ। ਕਿਹੜਾ ਕਥਨ ਸਹੀ ਹੈ :
(A) C,B, ਦੇ ਖੱਬੇ ਪਾਸੇ ਤੋਂ ਚੌਥਾ ਹੈ (B) A,G ਦੇ ਐਨ ਨਾਲ ਸੱਜੇ ਪਾਸੇ ਵਲ ਹੈ
(C) D,E ਦੇ ਖੱਬੇ ਪਾਸੇ ਤੋਂ ਦੂਜਾ ਹੈ (D) B,G ਦੇ ਸੱਜੇ ਪਾਸੇ ਤੋਂ ਦੂਜਾ ਹੈ।



StudySite.org StudySite.org

StudySite.org StudySite.org

43. ਗਰਿਮਾ ਸਰਿਤਾ ਤੋਂ ਲੰਬੀ ਹੈ, ਪਰ ਗੀਨਾ ਤੋਂ ਲੰਬੀ ਨਹੀਂ ਹੈ । ਗੀਨਾ ਅਤੇ ਤਾਨੀਆਂ ਦੇ ਕੱਦ ਬਰਾਬਰ ਹਨ। ਗਰਿਮਾ ਅਣੂ ਤੋਂ ਮਧਰੀ ਹੈ । ਸਾਰੀਆਂ ਕੁੜੀਆਂ ਵਿਚੋਂ ਸਭ ਤੋਂ ਮਧਰੀ ਕੌਣ ਹੈ :

(A) ਅਣੂ (B) ਗੀਨਾ ਅਤੇ ਤਾਨੀਆ (C) ਗਰਿਮਾ (D) ਸਰਿਤਾ

44. ਗੋਪਾਲ ਆਪਣੇ ਘਰ ਤੋਂ ਪੱਛਮ ਵਲ ਨੂੰ ਤੁਰਨਾ ਆਰੰਭ ਕਰਦਾ ਹੈ। 30m ਚੱਲਣ ਤੋਂ ਪਿਛੋਂ, ਉਹ ਸੱਜੇ ਵਲ ਮੁੜਿਆ ਅਤੇ 20m ਚੱਲਿਆ। ਉਹ ਫਿਰ ਖੱਬੇ ਵਲ ਮੁੜਿਆ ਅਤੇ 10m ਚੱਲਣ ਪਿਛੋਂ, ਉਹ ਫਿਰ ਖੱਬੇ ਵਲ ਮੁੜਿਆ ਅਤੇ 40m ਚੱਲਿਆ । ਫਿਰ ਉਹ ਖੱਬੇ ਵਲ ਮੁੜਿਆ ਅਤੇ 5m ਚੱਲਿਆ। ਅਖ਼ੀਰ ਵਿਚ ਉਹ ਆਪਣੇ ਖੱਬੇ ਵਲ ਮੁੜਿਆ । ਅਖ਼ੀਰ ਵਿਚ ਉਹ ਕਿਸ ਦਿਸ਼ਾ ਵਿਚ ਚੱਲ ਰਿਹਾ ਸੀ:


(A) ਉੱਤਰ (B) ਦੱਖਣ (C) ਪੂਰਬ (D) ਪੱਛਮ

45. ਇਕ ਘੜੀ ਨੂੰ ਇਸ ਤਰ੍ਹਾਂ ਰੱਖਿਆ ਹੋਇਆ ਹੈ ਕਿ ਦੋਪਹਿਰ ਦੇ 12.00 ਵਜੇ ਇਸ ਦੀ ਮਿੰਟਾਂ ਵਾਲੀ ਸੂਈ ਉੱਤਰ-ਪੂਰਬ ਵਲ ਸੰਕੇਤ ਕਰਦੀ ਹੈ। ਇਸ ਦੀ ਘੰਟੇ ਵਾਲੀ ਸੂਈ ਸ਼ਾਮ ਨੂੰ 1.30 ਵਜੇ ਕਿਹੜੀ ਦਿਸ਼ਾ ਵਲ ਸੰਕੇਤ ਕਰੇਗੀ:

(A) ਉੱਤਰ (B) ਦੱਖਣ (C) ਪੂਰਬ (D) ਪੱਛਮ

46. ਹਿੰਦੀ (H) ਅੰਗ੍ਰੇਜ਼ੀ (E) ਅਤੇ (S) ਸੰਸਕ੍ਰਿਤ ਬਾਰੇ ਗਿਆਨ ਦੇ ਸੰਬੰਧ ਵਿਚ 1000 ਵਿਅਕਤੀਆਂ ਦੇ ਸਰਵੇਖਣ ਦਾ ਪਰਿਣਾਮ ਚਿੱਤਰ ਵਿਚ ਦਿੱਤਾ ਗਿਆ ਹੈ :

ਸਭ ਤਿੰਨ ਭਾਸ਼ਾਵਾਂ ਜਾਣਨ ਵਾਲਿਆ ਦਾ ਸੰਸਕ੍ਰਿਤ ਨਾ ਜਾਣਨ ਵਾਲਿਆਂ ਨਾਲ ਕੀ ਅਨੁਪਾਤ ਹੈ




A) $\frac{1}{9}$ B) $\frac{1}{10}$ C) $\frac{10}{17}$ D) $\frac{5}{27}$

47. ਜੇ ਸ਼ਬਦ CONCENTRATION ਦੇ ਆਖ਼ਰੀ ਚਾਰ ਅੱਖਰਾਂ ਨੂੰ ਉਲਟੇ ਕ੍ਰਮ ਵਿਚ ਲਿਖਿਆ ਜਾਂਦਾ ਹੈ ਅਤੇ ਉਸ ਤੋਂ ਬਾਅਦ ਅਗਲੇ ਦੋ ਅੱਖਰਾਂ ਨੂੰ ਉਲਟੇ ਕ੍ਰਮ ਵਿਚ ਲਿਖਿਆ ਜਾਂਦਾ ਹੈ ਅਤੇ ਫਿਰ ਅਗਲੇ ਤਿੰਨ ਅੱਖਰਾਂ ਨੂੰ ਉਲਟੇ ਕ੍ਰਮ ਵਿਚ ਲਿਖਿਆ ਜਾਂਦਾ ਹੈ ਅਤੇ ਫਿਰ ਪਹਿਲੇ ਚਾਰ ਅੱਖਰਾਂ ਨੂੰ ਉਲਟੇ ਕ੍ਰਮ ਵਿਚ ਲਿਖਿਆ ਜਾਂਦਾ ਹੈ, ਤਾਂ ਖੱਬੇ ਤੋਂ ਗਿਣਤੀ ਸ਼ੁਰੂ ਕਰਕੇ, ਨਵੇਂ ਪ੍ਰਬੰਧ ਵਿਚ ਕਿਹੜਾ ਅੱਖਰ ਅੱਠਵਾਂ ਅੱਖਰ ਹੋਵੇਗਾ:

(A) N (B) T (C) E (D) R



StudySite.org StudySite.org

StudySite.org StudySite.org

48. ਹੇਠਾਂ ਦਿੱਤੇ ਪ੍ਰਬੰਧ ਵਿਚ, ਕਿੰਨੇ ਚਿੰਨ੍ਹ ਅਤੇ ਅੰਕ ਹਨ ਜਿਨ੍ਹਾਂ ਤੋਂ ਤੁਰੰਤ ਪਹਿਲਾਂ ਜਾਂ ਤੁਰੰਤ ਬਾਅਦ ਵਿਚ ਉਹ ਅੱਖਰ ਆਉਂਦਾ ਹੈ ਜਿਹੜਾ ਅੰਗੇਜ਼ੀ ਵਰਨਮਾਲਾ ਦੇ ਪਹਿਲੇ ਅੱਧ ਵਿਚੋਂ ਹੈ:

2 P J @ 8 $ L B 1 V # Q 6 β G W 9 K C D 3 + ÷ * 5 F R 7 A Y 4

(A) 6 (B) 7 (C) 8 (D) 9

49. L,M,N,O,P, Q, R, S, ਅਤੇ T ਅੱਖਰਾਂ ਨੂੰ 1 ਤੋਂ 9 ਤਕ 9 ਪੂਰਨਾਂਕਾਂ ਨਾਲ ਬਦਲਿਆ ਜਾਂਦਾ ਹੈ। 4 ਪੂਰਨਾਂਕ P ਲਈ ਨਿਸ਼ਚਿਤ ਕੀਤਾ ਜਾਂਦਾ ਹੈ । P ਅਤੇ T ਵਿਚ ਅੰਤਰ 5 ਹੈ। N ਅਤੇ T ਵਿਚ ਅੰਤਰ 3 ਹੈ। N ਨੂੰ ਕਿਹੜਾ ਪੂਰਨਾਂਕ ਨਿਸ਼ਚਿਤ ਕੀਤਾ ਗਿਆ ਹੈ :

(A) 4 (B) 5 (C) 6 (D) 7

50. ਜੇ ਕੰਮ ਦੇ ਦਿਨ ਸ਼ਨੀਵਾਰ ਤੋਂ ਸ਼ੁਰੂ ਹੋਣ ਵਾਲੇ 30 ਦਿਨ ਦੇ ਮਹੀਨੇ ਵਿਚ ਵਿਕਲਪਿਕ ਸ਼ਨੀਵਾਰ ਅਤੇ ਸਭ ਐਤਵਾਰਾਂ ਨੂੰ ਛੁੱਟੀ ਹੈ, ਤਾਂ ਉਸ ਮਹੀਨੇ ਵਿਚ ਕੰਮ ਦੇ ਦਿਨ ਕਿੰਨੇ ਹੋਣਗੇ :

(A) 20 (B) 21 (C) 22 (D) 23

51. ਬਹੁਤੇ ਕੇਸਾਂ ਵਿਚ, ਸੰਚਾਲਕ ਸਿਸਟਮ ਜਿਵੇਂ ਵਿੰਡੋਜ਼ ਕੰਪਿਊਟਰ ਦੇ --------ਉਪਰ ਹੁੰਦੇ ਹਨ :

(A) ਟੇਪ ਕਾਰਟਰਿਜ (B) ਕੰਪੈਕਟ ਡਿਸਕ (C) ਹਾਰਡ ਡਿਸਕ (D) ਪ੍ਰੋਸੈਸਰ

52. ---- ਇਕ ਨੈੱਟਵਰਕ ਹੈ ਜਿਹੜਾ ਕੰਪਿਊਟਰਾਂ ਨੂੰ ਸੀਮਿਤ ਭੂਗੋਲਿਕ ਖੇਤਰ ਵਿਚ ਜੋੜਦਾ ਹੈ, ਜਿਵੇਂ ਕਿ ਸਕੂਲ ਕੰਪਿਊਟਰ ਪ੍ਰਯੋਗਸ਼ਾਲਾ, ਛੋਟਾ ਦਫ਼ਤਰ, ਜਾਂ ਘਰ ਵਾਲੇ ਕੰਪਿਊਟਰ :

(A) ਸਥਾਨਿਕ ਖੇਤਰੀ ਨੈੱਟਵਰਕ (LAN) (B) ਵਿਸ਼ਾਲ ਖੇਤਰੀ ਨੈੱਟਵਰਕ (WAN)

(C) ਆਂਸ਼ਿਕ ਖੇਤਰੀ ਨੈੱਟਵਰਕ (PAN) (D) ਅਸੀਮ ਖੇਤਰੀ ਨੈੱਟਵਰਕ (BAN)

53. ਮਲਟੀਮੀਡੀਆ ਸਮਾ ਸਕਦਾ ਹੈ :

(A) ਗ੍ਰਾਫਿਕਸ, ਐਨੀਮੇਸ਼ਨ, ਵੀਡੀਓ, ਸੰਗੀਤ ਅਤੇ ਧੁਨੀ

(B) ਕੇਵਲ ਸੰਖਿਆਂਕ-ਭਾਂਤ ਦੇ ਅੰਕੜੇ

(C) ਸੰਖਿਆਂਕ, ਟੈਕਸਟ ਅਤੇ ਚਿੱਤਰ ਅੰਕੜੇ।

(D) ਡਾਟਾਬੇਸਿਜ਼, ਜਿਸ ਵਿਚ ਅੱਗੋਂ ਹੋਰ ਡਾਟਾਬੇਸ ਸੰਮਿਲਿਤ ਹੁੰਦੇ ਹਨ ਜਿਸ ਨਾਲ ਅਤਿਅਧਿਕ ਅੰਕੜੇ ਇਕੱਤਰ ਹੁੰਦੇ ਹਨ।

54. ਐਮ ਐਸ-ਐਕਸੈਲ ਵਿਚ ਸਪ੍ਰੈਸ਼ੀਟ ਸੈਲ ਵਿਚ ਟੈਕਸਟ ਦੀ ਉਦਾਹਰਨ ਕਿਹੜੀ ਹੈ :

(A) 2289 (B) =C 7 + D10

(C) ="Profit 29 Lac" (D) =SUM (B1 +B2+B3)



StudySite.org StudySite.org

StudySite.org StudySite.org

55. ਐਸ ਐਸ–ਵਰਡ ਵਿਚ 'ਫਾਰਮਟ ਪੇਂਟਰ' ਦੀ ਵਰਤੋਂ ਕਿਸ ਲਈ ਕੀਤੀ ਜਾਂਦੀ ਹੈ :
(A) ਟੈਕਸਟ ਨੂੰ ਰੰਗੀਨ ਬਣਾਉਨ ਲਈ
(B) ਇਕ ਸਥਿਤੀ ਤੋਂ ਫਾਰਮੈਟਿੰਗ ਫੀਚਰਾਂ ਨੂੰ ਕਾਪੀ ਕਰ ਕੇ ਇਨ੍ਹਾਂ ਦਾ ਪ੍ਰਯੋਗ ਦੂਜੀ ਸਥਿਤੀ ਉਪਰ ਕਰਨਾ
(C) ਹਾਰਡ–ਡਿਸਕ ਨੂੰ ਫਾਰਮੈਟ ਕਰਨਾ
(D) ਫੋਟੋਗ੍ਰਾਫ ਨੂੰ ਪੇਂਟ ਕਰਨਾ

56. ਐਮ ਐਸ–ਆਫਿਸ ਵਿਚ ਸ਼ਬਦ ਰੈਪ ਫੀਚਰ :
(A) ਜਦੋਂ ਜ਼ਰੂਰਤ ਹੋਵੇ ਤਾਂ ਟੈਕਸਟ ਨੂੰ ਦੂਜੀ ਲਾਈਨ ਤਕ ਆਪਣੇ ਆਪ ਲੈ ਜਾਂਦਾ ਹੈ
(B) ਤੁਹਾਨੂੰ ਟੈਕਸਟ ਟਾਈਪ ਕਰਨ ਦੀ ਇਜਾਜ਼ਤ ਦਿੰਦਾ ਹੈ
(C) ਛੋਟੀ ਖਿਤਜੀ ਰੇਖਾ ਹੈ ਜਿਹੜੀ ਦਸਤਾਵੇਜ਼ ਦੇ ਅੰਤ ਵਲ ਸੰਕੇਤ ਕਰਦੀ ਹੈ
(D) ਆਪਣੇ ਆਪ ਹੀ ਦਸਤਾਵੇਜ਼ ਨੂੰ ਸੁਰੱਖਿਅਤ ਕਰਦਾ ਹੈ

57. ਆਟੋਕੈਡ ਪਰਿਆਵਰਨੀ ਸੈਟਿੰਗਾਂ ਨੂੰ ਕਿਹੜੀ ਕਮਾਂਡ ਨਾਲ ਦੇਖਿਆ ਜਾ ਸਕਦਾ ਹੈ :
(A) OSNAP (B) DDRMODcS (C) STATUS (D) SNAP

58. ਆਟੋਸਮ ਬਟਨ ਦਾ ਪ੍ਰਯੋਗ ਚੁਨਿੰਦਾ ਸੈੱਲ ਵਿਚ ਕਿਸ ਨੂੰ ਰੱਖੇਗੇ :
(A) ਸੈੱਲ ਦੇ ਕਾਲਮ ਵਿਚ ਸਮ ਆਫ ਵੈਲਿਊਜ਼
(B) ਸੂਤਰ ਜਿਹੜਾ ਵੈਲਿਊਜ਼ ਨੂੰ ਉਸ ਪਰਾਸ ਵਿਚ ਜੋੜੇਗਾ ਜਿਸ ਵਿਚ ਐਕਸੈਲ ਤੁਹਾਡੀ ਜੋੜਨ ਦੀ ਜ਼ਰੂਰਤ ਨੂੰ ਗੈੱਸ ਕਰਦਾ ਹੈ
(C) ਸੈਲ ਦੀ ਰੋ ਦਾ ਸਮ ਜਿੰਨਾ ਚਿਰ ਤੁਸੀ ਪਰਾਸ ਨੂੰ ਨਹੀਂ ਬਦਲਦੇ
(D) ਉਪਰੋਕਤ ਵਿਚੋਂ ਕੋਈ ਵੀ ਨਹੀਂ ਹੈ

59. CIRCLE ਕਮਾਂਡ ਦੇ ਦੋ ਬਿੰਦੂ ਵਿਕਲਪ ਵਿਚ, ਪਰਿਭਾਸ਼ਿਤ ਕੀਤੇ ਜਾਣ ਵਾਲੇ ਦੋ ਬਿੰਦੂ ਹਨ :
(A) ਕੇਂਦਰ ਅਤੇ ਪਰਿਧੀ ਉਪਰਲਾ ਬਿੰਦੂ (B) ਪਰਿਧੀ ਉਪਰਲੇ ਦੋ ਬਿਲਕੁਲ ਵਿਰੋਧੀ ਬਿੰਦੂ
(C) ਪਰਿਧੀ ਉਪਰ ਕੋਈ ਦੋ ਬਿੰਦੂ (D) ਖਿਤਜੀ ਰੇਖਾ ਉਪਰ ਦੋ ਬਿਲਕੁਲ ਵਿਰੋਧੀ ਬਿੰਦੂ

60. ਤੁਸੀਂ ਐਕਸੈੱਲ ਸ਼ੀਟ ਤੋਂ ਕਿਸ ਤੇ ਹਾਈਪਰ ਲਿੰਕਸ ਬਣਾ ਸਕਦੇ ਹੋ :
(A) ਇੰਟਰਨੈੱਟ ਉਪਰ ਵੈੱਬ ਪੇਜ (B) ਹੋਰ ਦਫ਼ਤਰੀ ਅਰਜ਼ੀ ਦਸਤਾਵੇਜ਼
(C) ਈ–ਮੇਲ ਪਤਾ (D) ਉਪਰੋਕਤ ਸਾਰੇ



StudySite.org StudySite.org

StudySite.org StudySite.org

## PART-II (ONLY FOR CLERKS)

61. ਚੱਪੜ-ਚਿੜੀ (Chappar Chiri) ਇਤਿਹਾਸ ਵਿਚ ਕਿਸ ਕਰਕੇ ਪ੍ਰਸਿੱਧ ਸੀ:
(A) ਸਿੱਖਾਂ ਅਤੇ ਵਜ਼ੀਰ ਖ਼ਾਂ ਵਿਚ ਵੱਡੀ ਲੜਾਈ ਹੋਈ (B) ਅੰਗ੍ਰੇਜ਼ਾਂ ਤੇ ਸਿੱਖਾਂ ਦੀ ਪਹਿਲੀ ਲੜਾਈ
(C) ਜ਼ੇਵਰਾਂ ਦਾ ਨਿਰਮਾਣ (D) ਖ਼ਾਲਸਾ ਪੰਥ ਦੀ ਸਥਾਪਨਾ

62. ਪੰਜਾਬ ਵਿਚ ਬਰਤਾਨਵੀ ਸ਼ਾਸਨ ਵਿਚ ਔਰਤ ਸਿਖਿਆ ਲਈ ਪਹਿਲਾ ਸਕੂਲ ਕਿੱਥੇ ਖੋਲ੍ਹਿਆ ਗਿਆ:
(A) ਅੰਮ੍ਰਿਤਸਰ (B) ਲਾਹੌਰ (C) ਰਾਵਲਪਿੰਡੀ (D) ਮੁਲਤਾਨ

63. ਗੁਰੂ ਗੋਬਿੰਦ ਸਿੰਘ ਜੀ ਨੇ 1707 ਵਿਚ ਹੋਈ ਜਾਜੂ ਦੀ ਲੜਾਈ ਵਿਚ ਕਿਹੜੇ ਮੁਗ਼ਲ ਸ਼ਾਸਕ ਦੀ ਸਹਾਇਤਾ ਕੀਤੀ ਸੀ:
(A) ਬਹਾਦੁਰ ਸ਼ਾਹ (B) ਅਕਬਰ (C) ਔਰੰਗਜ਼ੇਬ (D) ਤਿਮੂਰ

64. ਪ੍ਰਸਿੱਧ ਕਲਾ ਗੱਤਕਾ ਦਾ ਆਰੰਭ ਕਿਹੜੇ ਸਿੱਖ ਗੁਰੂ ਨੇ ਕੀਤਾ ਸੀ:
(A) ਸ਼੍ਰੀ ਗੁਰੂ ਅੰਗਦ ਦੇਵ ਜੀ (B) ਸ਼੍ਰੀ ਗੁਰੂ ਹਰ ਰਾਇ ਜੀ
(C) ਸ਼੍ਰੀ ਗੁਰੂ ਹਰਗੋਬਿੰਦ ਜੀ (D) ਸ਼੍ਰੀ ਗੁਰੂ ਰਾਮ ਦਾਸ ਜੀ

65. ਨੌਜਵਾਨ ਭਾਰਤ ਸਭਾ ਦਾ ਆਰੰਭ ਕਿਸ ਨੇ ਕੀਤਾ:
(A) ਰਾਜ ਗੁਰੂ (B) ਭਗਤ ਸਿੰਘ (C) ਸੁਖ ਦੇਵ (D) ਸੁਭਾਸ਼ ਚੰਦਰ ਬੋਸ

66. ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੀ ਹਾਈ ਕੋਰਟ 'ਅਦਾਲਤ-ਇ-ਆਲਾ' ਕਿਹੜੇ ਸ਼ਹਿਰ ਵਿਚ ਸਥਿਤ ਸੀ:
(A) ਲਾਹੌਰ (B) ਮੁਲਤਾਨ (C) ਕਸ਼ਮੀਰ (D) ਦਿੱਲੀ

67. ਇਹ ਸ਼ਬਦ ਕਿਸ ਦੇ ਹਨ: "ਅਸੀਂ ਨਾਂ ਸਿੱਖ ਹਾਂ, ਨਾ ਹੀ ਪੰਜਾਬੀ; ਸਾਡਾ ਧਰਮ ਦੇਸ਼-ਭਗਤੀ ਹੈ।"
(A) ਸੋਹਣ ਸਿੰਘ ਭਕਨਾ (B) ਲਾਲਾ ਹਰਦਿਆਲ
(C) ਕਰਤਾਰ ਸਿੰਘ ਸਰਾਭਾ (D) ਭਗਤ ਸਿੰਘ

68. 'ਗੁਰੂ ਕੀ ਕਾਸ਼ੀ' ਕਿਸ ਨੂੰ ਆਖਿਆ ਜਾਂਦਾ ਹੈ:
(A) ਤਖ਼ਤ ਸ਼੍ਰੀ ਦਮਦਮਾ ਸਾਹਿਬ (B) ਤਖ਼ਤ ਸ਼੍ਰੀ ਪਟਨਾ ਸਾਹਿਬ
(C) ਤਖ਼ਤ ਸ਼੍ਰੀ ਹਜ਼ੂਰ ਸਾਹਿਬ (D) ਤਖ਼ਤ ਸ਼੍ਰੀ ਕੇਸ਼ਗੜ੍ਹ ਸਾਹਿਬ

69. ਬਚਿੱਤਰ ਨਾਟਕ ਕਿਹੜੇ ਗੁਰੂ ਦੀ ਸਵੈ-ਜੀਵਨੀ ਹੈ:
(A) ਗੁਰੂ ਅੰਗਦ ਦੇਵ ਜੀ (B) ਗੁਰੂ ਨਾਨਕ ਦੇਵ ਜੀ
(C) ਗੁਰੂ ਗੋਬਿੰਦ ਸਿੰਘ ਜੀ (D) ਗੁਰੂ ਹਰਗੋਬਿੰਦ ਜੀ

70. ਭਾਈ ਗੁਰਦਾਸ ਦੀ ਕਿਹੜੀ ਵਾਰ ਇਤਿਹਾਸਕ ਤੌਰ ਤੇ ਮਹੱਤਵਪੂਰਨ ਹੈ:
(A) ਪਹਿਲੀ ਅਤੇ ਤੇਰ੍ਹਵੀਂ (B) ਪਹਿਲੀ ਅਤੇ ਬਾਰ੍ਹਵੀਂ
(C) ਪਹਿਲੀ ਅਤੇ ਗਿਆਰ੍ਹਵੀਂ (D) ਪਹਿਲੀ ਅਤੇ ਦਸਵੀਂ



StudySite.org StudySite.org

StudySite.org StudySite.org

71. ਪੰਜਾਬੀ ਸਾਹਿਤ ਵਿਚ ਕਿੱਸੇ ਕੀ ਹਨ:
(A) ਗਾਥਾ (B) ਸ਼ੋਕ ਗੀਤ (C) ਪ੍ਰੇਮ ਗੀਤ (D) ਜਨਮ ਸਮੇਂ ਦੇ ਗੀਤ

72. ਪੰਜਾਬ ਦਾ ਰਾਜ ਰੁੱਖ ਕਿਹੜਾ ਹੈ:
(A) ਸਫ਼ੈਦਾ (B) ਨਿੰਮ (C) ਪਿੱਪਲ (D) ਸ਼ੀਸ਼ਮ

73. ਸੱਸੀ-ਪੁੰਨੂ ਕਿਸ ਨੇ ਲਿਖੀ:
(A) ਵਾਰਿਸ ਸ਼ਾਹ (B) ਹਾਸ਼ਿਮ ਸ਼ਾਹ (C) ਹਾਫ਼ਿਜ਼ ਬਰਖ਼ੁਰਦਾਰ (D) ਕਾਦਰ ਯਾਰ

74. ਚੋਲਾ ਸਾਹਿਬ ਮੇਲਾ ਕਿਥੇ ਲਗਦਾ ਹੈ:
(A) ਬਾਬਾ ਬਕਾਲਾ (B) ਸੁਲਤਾਨਪੁਰ (C) ਡੇਰਾ ਬਾਬਾ ਨਾਨਕ (D) ਕੀਰਤਪੁਰ ਸਾਹਿਬ

75. ਪੰਜਾਬ ਵਿਚ ਗਤੀਸ਼ੀਲ ਅਦਾਲਤਾਂ ਪਹਿਲੀ ਵਾਰ ਕਿੱਥੇ ਸ਼ੁਰੂ ਕੀਤੀਆਂ ਗਈਆਂ:
(A) ਤਲਵਾੜਾ (B) ਦਸੂਆ (C) ਬਾਦਲ (D) ਲੰਬੀ

76. ਗੁਰੂ ਗ੍ਰੰਥ ਸਾਹਿਬ ਕਿਸ ਨਾਲ ਆਰੰਭ ਹੁੰਦਾ ਹੈ:
(A) ਜਨਮ ਸਾਖੀ (B) ਜਪੁਜੀ ਸਾਹਿਬ (C) ਸੁਖਮਨੀ ਸਾਹਿਬ (D) ਮੂਲ ਮੰਤਰ

77. ਕੀਰਨੇ ਨੂੰ ਕਿਸ ਨਾਲ ਸੰਬੰਧਿਤ ਕੀਤਾ ਜਾਂਦਾ ਹੈ:
(A) ਦੁਲਹੇ ਦਾ ਵਿਆਹ (B) ਵਿਅਕਤੀ ਦੀ ਮੌਤ (C) ਦੁਲਹਣ ਦੀ ਸਗਾਈ (D) ਬੱਚੇ ਦਾ ਜਨਮ

78. ਕਿਹੜੇ ਮੇਲੇ ਵਿਚ ਖੋਤਿਆਂ ਦੀ ਪੂਜਾ ਕੀਤੀ ਜਾਂਦੀ ਹੈ:
(A) ਕੁਰਾਲੀ ਦਾ ਮੇਲਾ (B) ਜਗਰਾਉਂ ਦੀ ਰੋਸ਼ਨੀ (C) ਜਰਗ ਦਾ ਮੇਲਾ (D) ਛਪਾਰ ਦਾ ਮੇਲਾ

StudySite.org

79. ਨਾਵਲ 'ਡਾਕਟਰ ਦੇਵ' ਦਾ ਲੇਖਕ ਹੈ:
(A) ਨਾਨਕ ਸਿੰਘ (B) ਪੂਰਨ ਸਿੰਘ (C) ਅੰਮ੍ਰਿਤਾ ਪ੍ਰੀਤਮ (D) ਦਲੀਪ ਕੌਰ ਟਿਵਾਣਾ

80. ਮੀਰੀ ਅਤੇ ਪੀਰੀ ਨੂੰ ਕਿਸ ਨੇ ਪੇਸ਼ ਕੀਤਾ:
(A) ਗੁਰੂ ਨਾਨਕ ਦੇਵ ਜੀ
(B) ਗੁਰੂ ਹਰਗੋਬਿੰਦ ਜੀ
(C) ਗੁਰੂ ਤੇਗ ਬਹਾਦਰ ਜੀ
(D) ਗੁਰੂ ਗੋਬਿੰਦ ਸਿੰਘ ਜੀ

81. ਆਲੂ ਦੇ ਉਤਪਾਦਨ ਵਿਚ, ਦੇਸ਼ ਵਿਚ ਪੰਜਾਬ ਦਾ ਰੈਂਕ ਕਿੰਨਾ ਹੈ:
(A) ਪਹਿਲਾ (B) ਦੂਜਾ (C) ਤੀਜਾ (D) ਚੌਥਾ



StudySite.org StudySite.org

StudySite.org
StudySite.org

82. ਕਿਹੜਾ ਕਥਨ ਸਹੀ ਹੈ:
ਪੰਜਾਬ ਪੈਦਾ ਕਰਦਾ ਹੈ–
(A) ਭਾਰਤ ਦੀ 60% ਕਣਕ ਅਤੇ ਭਾਰਤ ਦਾ 40% ਚਾਵਲ
(B) ਭਾਰਤ ਦੀ 30% ਕਣਕ ਅਤੇ ਭਾਰਤ ਦਾ 40% ਚਾਵਲ
(C) ਭਾਰਤ ਦੀ 20% ਕਣਕ ਅਤੇ ਭਾਰਤ ਦਾ 50% ਚਾਵਲ
(D) ਭਾਰਤ ਦੀ 70% ਕਣਕ ਅਤੇ ਭਾਰਤ ਦਾ 30% ਚਾਵਲ

83. ਅਮਰੀਕਾ ਦੀ ਇਕ ਸਭ ਤੋਂ ਵੱਡੀ ਪਰਚੂਨ ਲੜੀ ਵਾਲਮਾਰਟ, ਅਬੋਧ ਕਟੌਤੀ ਸੂਤਰ ਸਟੋਰ ਖੋਲ੍ਹ ਕੇ ਪੰਜਾਬ ਵਿਚ ਆਪਣਾ ਕੰਮ ਕਿੱਥੇ ਆਰੰਭ ਕਰਦੀ ਹੈ:
(A) ਜਲੰਧਰ (B) ਲੁਧਿਆਣਾ (C) ਬਠਿੰਡਾ (D) ਅੰਮ੍ਰਿਤਸਰ

84. ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੁਆਰਾ ਵਿਕਸਿਤ PAU 201 ਕਿਸ ਦੀ ਵੰਨਗੀ ਹੈ:
(A) ਕਣਕ (B) ਚਾਵਲ (C) ਜਵਾਰ (D) ਜੌਂ

85. ਕਿਹੜਾ ਕਥਨ ਸਹੀ ਹੈ: ਪੰਜਾਬ ਪੈਦਾ ਕਰਦਾ ਹੈ।
(A) ਵਿਸ਼ਵ ਦੀ 2% ਕਪਾਹ, 2% ਕਣਕ ਅਤੇ 1% ਚਾਵਲ
(B) ਵਿਸ਼ਵ ਦੀ 5% ਕਪਾਹ, 5% ਕਣਕ ਅਤੇ 2% ਚਾਵਲ
(C) ਵਿਸ਼ਵ ਦੀ 3% ਕਪਾਹ, 7% ਕਣਕ ਅਤੇ 2% ਚਾਵਲ
(D) ਵਿਸ਼ਵ ਦੀ 1% ਕਪਾਹ, 3% ਕਣਕ ਅਤੇ 6% ਚਾਵਲ

StudySite.org

86. ਜਿਵੇਂ ਕਿ ਵਿੱਤ ਵਰਸ਼ 1 ਅਪਰੈਲ ਤੋਂ 31 ਮਾਰਚ ਤੱਕ ਹੁੰਦਾ ਹੈ, ਕ੍ਰਿਸ਼ੀ ਵਰਸ਼ ਕਿਹੜੀਆਂ ਤਾਰੀਖਾਂ ਵਿਚ ਹੁੰਦਾ ਹੈ:
(A) 1 ਅਪਰੈਲ ਤੋਂ 31 ਮਾਰਚ (B) 1 ਜੁਲਾਈ ਤੋ 30 ਜੂਨ
(C) 1 ਜੂਨ ਤੋਂ 31 ਮਈ (D) 1 ਮਈ ਤੋਂ 30 ਅਪਰੈਲ

87. ਮਸ਼ੀਨੀ ਸੰਦਾਂ ਦਾ ਗੜ੍ਹ ਪੰਜਾਬ ਦੇ ਕਿਹੜੇ ਸ਼ਹਿਰ ਵਿਚ ਹੈ:
(A) ਫ਼ਤਹਿਗੜ੍ਹ ਸਾਹਿਬ (B) ਮੁਕਤਸਰ (C) ਬਠਿੰਡਾ (D) ਬਟਾਲਾ

88. ਜਮਾਬੰਦੀ ਮਾਲਗੁਜ਼ਾਰੀ ਦਸਤਾਵੇਜ਼ ਹੈ, ਜਿਸ ਵਿਚ ਕੀ ਦਰਜ ਕੀਤਾ ਜਾਂਦਾ ਹੈ:
(A) ਕਬਜ਼ਾ (B) ਗਿਰਵੀ ਅਧਿਕਾਰ (C) ਮਲਕੀਅਤ (D) ਗਿਰਵੀਕਾਰ ਦੇ ਅਧਿਕਾਰ

89. ਭਾਈ ਜੈਤਾ ਜੀ ਸਕੀਮ ਕਿਸ ਨਾਲ ਸੰਬੰਧਿਤ ਹੈ:
(A) ਸਾਈਕਲਾਂ ਦੀ ਵੰਡ (B) ਦੁਪਹਿਰ ਦੇ ਖਾਣੇ ਦੀ ਵੰਡ
(C) 8–ਵੀਂ ਜਮਾਤ ਤੱਕ ਸਾਰੇ ਬੱਚਿਆਂ ਨੂੰ ਮੁਫ਼ਤ ਕਿਤਾਬਾਂ ਵੰਡਣੀਆਂ (D) ਉਪਰੋਕਤ ਸਾਰੇ



StudySite.org
StudySite.org

StudySite.org StudySite.org

90. ਆਂਗਨਵਾੜੀਆਂ ਕੀ ਹਨ :
(A) ਪੰਜਾਬ ਰਾਜ ਸਰਕਾਰ ਦੇ ਮਕਾਨ
(B) ਪੰਜਾਬ ਰਾਜ ਸਰਕਾਰ ਦੇ ਹੋਟਲ
(C) ਪੰਜਾਬ ਰਾਜ ਸਰਕਾਰ ਦੇ ਵਿਕਲਾਂਗਾਂ ਲਈ ਵਿਵਸਾਇਕ ਕੇਂਦਰ
(D) ICDS ਅਧੀਨ ਬਾਲ ਅਤੇ ਮਾਤਾ ਦੀ ਦੇਖ-ਭਾਲ ਦੇ ਕੇਂਦਰ

91. ਜੇ ਕਿਸੇ ਸੰਖਿਆ ਨੂੰ 6 ਨਾਲ ਵੰਡਿਆ ਜਾਂਦਾ ਹੈ ਤਾਂ 3 ਬਾਕੀ ਬਚਦਾ ਹੈ। ਜਦੋਂ ਉਸੇ ਸੰਖਿਆ ਦੇ ਵਰਗ ਨੂੰ 6 ਨਾਲ ਵੰਡਿਆ ਜਾਂਦਾ ਹੈ ਤਾਂ ਬਾਕੀ ਬਚਦਾ ਹੈ:
(A) 0 (B) 1 (C) 2 (D) 3

92. A, B ਅਤੇ C 1 ਕਿ.ਮੀ. ਦੇ ਦਾਇਰੇ ਵਾਲੇ ਚੱਕਰ ਦੁਆਲੇ ਕ੍ਰਮਵਾਰ 10 ਮੀ/ਮਿੰ:, 20 ਮੀ/ਮਿੰ:, ਅਤੇ 40 ਮੀ/ਮਿੰ: ਦੀ ਰਫ਼ਤਾਰ ਨਾਲ ਚਲ ਰਹੇ ਹਨ। ਜੇ ਉਹ ਸਾਰੇ ਇਕੋ ਸਮੇਂ ਸ਼ੁਰੂ ਕਰਦੇ ਹਨ ਅਤੇ ਇਕੋ ਦਿਸ਼ਾ ਵਿਚ ਚਲਦੇ ਹਨ, ਤਾਂ ਉਹ ਇਕੱਠੇ ਸਮਾਨ ਸਥਾਨ ਉੱਪਰ ਕਦੋਂ ਪੁੱਜਣਗੇ:
(A) 50 ਮਿੰਟ ਪਿਛੋਂ (B) 100 ਮਿੰਟ ਪਿਛੋਂ (C) 240 ਮਿੰਟ ਪਿਛੋਂ (D) 800 ਮਿੰਟ ਪਿਛੋਂ

93. ਸਭ ਤੋਂ ਵੱਡੀ ਸੰਖਿਆ ਜਿਹੜੀ 1354, 1866 ਅਤੇ 2762 ਨੂੰ ਵੰਡ ਸਕਦੀ ਹੈ ਅਤੇ ਹਰੇਕ ਕੇਸ ਵਿਚ 10 ਬਾਕੀ ਬਚਦਾ ਹੈ, ਉਹ ਸੰਖਿਆ ਹੈ:
(A) 64 (B) 124 (C) 156 (D) 260

94. $\frac{(1.5)^3+(4.7)^3+(3.8)^3-3 \times 1.5 \times 4.7 \times 3.8}{(1.5)^2+(4.7)^2+(3.8)^2-1.5 \times 4.7-4.7 \times 3.8-1.5 \times 3.8}$ ਹੈ:
A) 0.1 B) 1 C) 10 D) 30

95. ਇਕ ਡੱਡੂ ਇਕ 9m ਡੂੰਗੇ ਸੁਕੇ, ਚਿਕਨੀਆਂ ਕੰਧਾਂ ਵਾਲੇ ਖੂਹ ਵਿਚੋਂ ਬਾਹਰ ਆਉਣ ਦੀ ਕੋਸ਼ਿਸ਼ ਕਰਦਾ ਹੈ ਡੱਡੂ ਜਿਨੀ ਵਾਰੀ 60cm ਕੁਦਦਾ ਹੈ, 30cm ਵਾਪਸ ਫਿਸਲ ਜਾਂਦਾ ਹੈ ਡੱਡੂ ਨੂੰ ਖੂਹ ਵਿਚੋਂ ਬਾਹਰ ਆਉਣ ਲਈ ਕੀਨੀ ਵਾਰੀ ਕੁੱਦਣਾ ਪਵੇਗਾ
A) 20 B) 29 C) 30 D) 31

96. $\sqrt{5+\sqrt{11+\sqrt{19+\sqrt{29+\sqrt{49}}}}}$ ਹੈ:
A) 3 B) 5 C) 7 D) 9

97. ਇਕ ਕਲਾਸ ਦੀ ਔਸਤ ਆਯੂ 15.8 ਸਾਲ ਹੈ। ਕਲਾਸ ਵਿਚ ਲੜਕਿਆਂ ਦੀ ਔਸਤ ਆਯੂ 16.4 ਸਾਲ ਹੈ ਅਤੇ ਲੜਕੀਆਂ ਦੀ ਔਸਤ ਆਯੂ 15.4 ਸਾਲ ਹੈ। ਕਲਾਸ ਵਿਚ ਲੜਕੀਆਂ ਪ੍ਰਤਿ ਔਸਤ ਲੜਕਿਆਂ ਦਾ ਅਨੁਪਾਤ ਕੀ ਹੈ:
(A) 1 : 2 (B) 2 : 3 (C) 3 : 4 (D) ਨਿਰਧਾਰਿਤ ਨਹੀਂ ਕੀਤੀ ਜਾ ਸਕਦੀ

98. ਤਿੰਨ ਸੰਖਿਆਵਾਂ 4:5:6 ਦੇ ਅਨੁਪਾਤ ਵਿਚ ਹਨ ਅਤੇ ਇਨ੍ਹਾਂ ਦੀ ਔਸਤ 25 ਹੈ। ਸਭ ਤੋਂ ਵੱਡੀ ਸੰਖਿਆ ਹੈ:
(A) 42 (B) 36 (C) 32 (D) 30



StudySite.org StudySite.org

StudySite.org StudySite.org

99. 6 ਸਾਲ ਪਹਿਲਾਂ ਸੁਸ਼ੀਲ, ਸਨੇਹਲ ਤੋਂ ਤਿੰਨ-ਗੁਣਾ ਵੱਡਾ ਸੀ। 6 ਸਾਲ ਪਿਛੋਂ ਸੁਸ਼ੀਲ ਸਨੇਹਲ ਨਾਲੋਂ $\frac{5}{3}$ ਗੁਣਾ ਵੱਡਾ ਹੋਵੇਗਾ। ਹੁਣ ਸਨੇਹਲ ਦੀ ਆਯੂ ਕਿੰਨੀ ਹੈ:

(A) 12 ਸਾਲ (B) 15 ਸਾਲ (C) 18 ਸਾਲ (D) 24 ਸਾਲ

100. If $x = 7 - 4\sqrt{3}$, then $(\sqrt{x} + \frac{1}{\sqrt{x}}) = ?$

(A) 1 (B) 2 (C) 3 (D) 4

101. ਇਕ ਪਰੀਖਿਆ ਵਿਚ ਇਕ ਵਿਦਿਆਰਥੀ ਨੇ ਪਹਿਲੇ ਪੇਪਰ ਵਿਚ 180 ਵਿਚੋਂ 30% ਅੰਕ ਪ੍ਰਾਪਤ ਕੀਤੇ। ਜੇ ਉਸਨੇ 50% ਦੀ ਸਮੁੱਚੀ ਔਸਤ ਪ੍ਰਾਪਤ ਕਰਨੀ ਹੈ, ਤਾਂ ਉਸਨੂੰ ਦੂਜੇ ਪੇਪਰ ਵਿਚ 150 ਵਿਚੋਂ ਕਿੰਨੇ ਪ੍ਰਤਿਸ਼ਤ ਅੰਕ ਪ੍ਰਾਪਤ ਕਰਨੇ ਚਾਹੀਦੇ ਹਨ:

(A) 70% (B) 74% (C) 76% (D) 80%

102. ਇਕ ਵਸਤੂ ਦੀ ਸੂਚੀਗਤ ਕੀਮਤ 900/- ਰੁਪਏ ਹੈ ਅਤੇ ਇਸ ਉਪਰ 8% ਅਤੇ 8% ਦੀਆਂ ਦੋ ਕ੍ਰਮਿਕ ਕਟੌਤੀਆਂ ਦਿੱਤੀਆਂ ਜਾਂਦੀਆਂ ਹਨ। ਵਿਕਰੇਤਾ ਨੂੰ ਕਿੰਨਾ ਲਾਭ ਜਾਂ ਹਾਨੀ ਹੋਵੇਗੀ, ਜੇ ਉਹ ਦੋ ਕ੍ਰਮਿਕ ਕਟੌਤੀਆਂ ਦੇਣ ਦੀ ਥਾਂ 16% ਦੀ ਇਕ ਹੀ ਕਟੌਤੀ ਦੇ ਦਿੰਦਾ ਹੈ:

(A) 4.76 ਰੁਪਏ ਦਾ ਲਾਭ (B) 5.76 ਰੁਪਏ ਦਾ ਨੁਕਸਾਨ
(C) 5.76 ਰੁਪਏ ਦਾ ਲਾਭ (D) 4.76 ਰੁਪਏ ਦਾ ਨੁਕਸਾਨ

103. A, B ਅਤੇ C ਸਕੂਲਾਂ ਵਿਚ ਪੜ੍ਹ ਰਹੇ ਵਿਦਿਆਰਥੀਆਂ ਦੀ ਸੰਖਿਆ ਦਾ ਅਨੁਪਾਤ 5 : 6 : 8 ਹੈ। ਜੇ ਹਰੇਕ ਸਕੂਲ ਵਿਚ ਵਿਦਿਆਰਥੀਆਂ ਦੀ ਸੰਖਿਆ ਕ੍ਰਮਵਾਰ 30%, 25%, ਅਤੇ 25% ਵਧਾ ਦਿੱਤੀ ਜਾਂਦੀ ਹੈ, ਤਾਂ A, B ਅਤੇ C ਸਕੂਲਾਂ ਵਿਚ ਨਵਾਂ ਅਨੁਪਾਤ ਕੀ ਹੋਵੇਗਾ:

(A) 14 : 15 : 20 (B) 13 : 15 : 20 (C) 15 : 17 : 19 (D) 13 : 14 : 15

104. 'A' ਨੇ 4500/- ਰੁਪਏ ਨਾਲ ਕਾਰੋਬਾਰ ਸ਼ੁਰੂ ਕੀਤਾ ਅਤੇ ਬਾਅਦ ਵਿਚ ਇਸ ਵਿਚ 'B' 5400/- ਰੁਪਏ ਦੇ ਕੇ ਸ਼ਾਮਿਲ ਹੋ ਗਿਆ। ਜੇ ਸਾਲ ਦੇ ਅੰਤ ਵਿਚ ਮੁਨਾਫ਼ੇ ਨੂੰ 2 : 1 ਦੇ ਅਨੁਪਾਤ ਵਿਚ ਵੰਡ ਲਿਆ ਜਾਵੇ ਤਾਂ 'B' ਕਾਰੋਬਾਰ ਵਿਚ ਕਿੰਨਾ ਚਿਰ ਪਿਛੋਂ ਸ਼ਾਮਿਲ ਹੋਇਆ:

(A) 4 ਮਹੀਨੇ (B) 5 ਮਹੀਨੇ (C) 6 ਮਹੀਨੇ (D) 7 ਮਹੀਨੇ

105. 8 ਵਿਅਕਤੀ ਦਿਨ ਵਿਚ 9 ਘੰਟੇ ਕੰਮ ਕਰ ਕੇ ਇਕ ਕੰਮ ਨੂੰ 20 ਦਿਨਾਂ ਵਿਚ ਪੂਰਾ ਕਰਦੇ ਹਨ, ਤਾਂ 7 ਵਿਅਕਤੀ ਦਿਨ ਵਿਚ 10 ਘੰਟੇ ਕੰਮ ਕਰਕੇ ਉਸੇ ਕੰਮ ਨੂੰ ਕਿੰਨੇ ਦਿਨਾਂ ਵਿਚ ਪੂਰਾ ਕਰਨਗੇ:

(A) $20\frac{4}{7}$ ਦਿਨ (B) $20\frac{3}{5}$ ਦਿਨ (C) 21 ਦਿਨ (D) $21\frac{3}{7}$ ਦਿਨ

106. 12 ਆਦਮੀ ਕੰਮ ਨੂੰ 36 ਘੰਟੇ ਵਿਚ ਪੂਰਾ ਕਰਦੇ ਹਨ ਜਦੋਂ ਕਿ 12 ਔਰਤਾਂ ਉਸ ਕੰਮ ਦਾ 3/4 ਹਿੱਸਾ 36 ਦਿਨਾਂ ਵਿਚ ਪੂਰਾ ਕਰਦੀਆਂ ਹਨ। 10 ਆਦਮੀ ਅਤੇ 8 ਔਰਤਾਂ ਉਸੇ ਕੰਮ ਨੂੰ ਇਕੱਠਿਆਂ ਕਿੰਨੇ ਦਿਨਾਂ ਵਿਚ ਪੂਰਾ ਕਰਨਗੇ:

(A) 6 ਦਿਨ (B) 12 ਦਿਨ (C) 27 ਦਿਨ (D) 30 ਦਿਨ



StudySite.org StudySite.org

StudySite.org StudySite.org

107. ਤਿੰਨ ਨਲਕੇ A, B ਅਤੇ C ਇਕ ਟੈਂਕ ਨੂੰ 6 ਘੰਟੇ ਵਿਚ ਭਰ ਸਕਦੇ ਹਨ। ਨਲਕਿਆਂ ਨੂੰ ਦੋ ਘੰਟੇ ਇਕੱਠੇ ਚਲਾ ਕੇ, C ਨਲਕਾ ਬੰਦ ਕਰ ਦਿੱਤਾ ਜਾਂਦਾ ਹੈ ਅਤੇ A ਤੇ B ਬਾਕੀ ਟੈਂਕ ਨੂੰ 7 ਘੰਟੇ ਵਿਚ ਭਰ ਦਿੰਦੇ ਹਨ। ਟੈਂਕ ਭਰਨ ਵਾਸਤੇ ਇਕੱਲੇ C ਨੂੰ ਕਿੰਨੇ ਘੰਟੇ ਲੱਗਣਗੇ:

(A) 10 (B) 12 (C) 14 (D) 16

108. 'A' 'B' ਨਾਲੋਂ ਦੁਗੁਣਾ ਤੇਜ਼ ਹੈ ਅਤੇ 'B' 'C' ਨਾਲੋਂ ਤਿਗੁਣਾ ਤੇਜ਼ ਹੈ। 'C' ਜਿਸ ਸਫ਼ਰ ਨੂੰ 42 ਮਿੰਟ ਵਿਚ ਤੈ ਕਰਦਾ ਹੈ, 'A' ਉਸ ਸਫ਼ਰ ਨੂੰ ਕਿੰਨੇ ਮਿੰਟਾਂ ਵਿਚ ਕਰੇਗਾ:

(A) 7 ਮਿੰਟ (B) 14 ਮਿੰਟ (C) 25 ਮਿੰਟ (D) 63 ਮਿੰਟ

109. ਸੁਨੀਲ ਕੁਝ ਫ਼ਾਸਲਾ 6 ਘੰਟਿਆਂ ਵਿਚ ਚਲ ਕੇ ਪੂਰਾ ਕਰਦਾ ਹੈ। ਵਾਪਸੀ ਵੇਲੇ ਉਸ ਦੀ ਰਫ਼ਤਾਰ। 1 ਕਿ.ਮੀ/ਘੰਟਾ ਘਟ ਜਾਂਦੀ ਹੈ ਅਤੇ ਉਸੇ ਫ਼ਾਸਲੇ ਨੂੰ ਤੈ ਕਰਨ ਵਿਚ ਉਸ ਨੂੰ 9 ਘੰਟੇ ਲਗਦੇ ਹਨ। ਵਾਪਸੀ ਸਫ਼ਰ ਵੇਲੇ ਉਸਦੀ ਰਫ਼ਤਾਰ ਕੀ ਸੀ:

(A) 6 ਕਿ.ਮੀ/ਘੰਟਾ (B) 5 ਕਿ.ਮੀ/ਘੰਟਾ (C) 4 ਕਿ.ਮੀ/ਘੰਟਾ (D) 2 ਕਿ.ਮੀ/ਘੰਟਾ

110. ਇਕ ਰੇਲਗੱਡੀ 36 ਕਿ.ਮੀ/ਘੰਟਾ ਦੀ ਰਫ਼ਤਾਰ ਨਾਲ ਜਾ ਰਹੀ ਹੈ, ਜੋ ਆਪ ਤੋਂ ਅੱਧੀ ਲੰਬਾਈ ਵਾਲੀ ਉਲਟੀ ਦਿਸ਼ਾ ਵਿਚ 54 ਕਿ.ਮੀ/ਘੰਟਾ ਦੀ ਰਫ਼ਤਾਰ ਨਾਲ ਜਾ ਰਹੀ ਗੱਡੀ ਨੂੰ 12 ਸਕਿੰਟਾਂ ਵਿਚ ਪੂਰੀ ਤਰ੍ਹਾਂ ਕ੍ਰਾਸ ਕਰਦੀ ਹੈ। ਜੇ ਇਹ 1½ ਮਿੰਟ ਵਿਚ ਪਲੈਟਫਾਰਮ ਨੂੰ ਪਾਰ ਕਰਦੀ ਹੈ, ਪਲੈਟਫਾਰਮ ਦੀ ਲੰਬਾਈ ਹੈ:

(A) 560 ਮੀ. (B) 620 ਮੀ. (C) 700 ਮੀ. (D) 750 ਮੀ.

111. ਇਕ ਕਿਸ਼ਤੀ 6 ਘੰਟੇ ਵਿਚ 24 ਕਿ.ਮੀ ਧਾਰਾ-ਪ੍ਰਤਿਕੂਲ ਜਾਂਦੀ ਹੈ ਅਤੇ 28 ਕਿ.ਮੀ ਧਾਰਾ-ਅਨੁਕੂਲ ਜਾਂਦੀ ਹੈ। ਇਹ 6 ਘੰਟੇ ਅਤੇ 30 ਮਿੰਟ ਵਿਚ 30 ਕਿ.ਮੀ ਧਾਰਾ-ਪ੍ਰਤਿਕੂਲ ਅਤੇ 21 ਕਿ.ਮੀ ਧਾਰਾ-ਅਨੁਕੂਲ ਜਾਂਦੀ ਹੈ। ਖੜ੍ਹੇ ਪਾਣੀ ਵਿਚ ਕਿਸ਼ਤੀ ਦੀ ਰਫ਼ਤਾਰ ਹੈ:

(A) 4 ਕਿ.ਮੀ/ਘੰਟਾ (B) 6 ਕਿ.ਮੀ/ਘੰਟਾ (C) 10 ਕਿ.ਮੀ/ਘੰਟਾ (D)14 ਕਿ.ਮੀ/ਘੰਟਾ

112. ਇਕ ਦੁਕਾਨਦਾਰ ਕੋਲ 1000 ਕਿ. ਗ੍ਰਾ. ਖੰਡ ਹੈ। ਇਸ ਦਾ ਕੁਝ ਹਿੱਸਾ ਉਹ 8% ਮੁਨਾਫ਼ੇ ਤੇ ਵੇਚਦਾ ਹੈ ਅਤੇ ਬਾਕੀ ਦਾ ਹਿੱਸਾ 18% ਮੁਨਾਫ਼ੇ ਤੇ ਵੇਚਦਾ ਹੈ। ਪੂਰੇ ਸੌਦੇ ਤੇ ਉਸ ਨੂੰ 14% ਲਾਭ ਹੁੰਦਾ ਹੈ। 8% ਮੁਨਾਫ਼ੇ ਤੇ ਵੇਚੀ ਖੰਡ ਦਾ ਭਾਰ ਹੈ:

(A) 400 ਕਿ. ਗ੍ਰਾ. (B) 560 ਕਿ. ਗ੍ਰਾ. (C) 600 ਕਿ. ਗ੍ਰਾ. (D) 640 ਕਿ. ਗ੍ਰਾ.

113. ਇਕ ਵਿਅਕਤੀ 25300/- ਰੁਪਏ ਆਪਦੇ ਤਿੰਨ ਪੁੱਤਰਾਂ ਵਿਚ ਇਸ ਤਰ੍ਹਾਂ ਵੰਡਦਾ ਹੈ ਕਿ ਉਨ੍ਹਾਂ ਦੇ ਹਿੱਸਿਆਂ ਦੀ ਰਕਮ 10% ਸਾਧਾਰਨ ਵਿਆਜ ਤੇ ਕ੍ਰਮਵਾਰ 2 ਸਾਲ, 3 ਸਾਲ ਅਤੇ 4 ਸਾਲਾਂ ਵਿਚ ਬਰਾਬਰ ਹੋ ਜਾਏਗੀ। A ਦਾ ਹਿੱਸਾ ਹੈ:

(A) 7800/- ਰੁਪਏ (B) 8400/- ਰੁਪਏ (C) 8800/- ਰੁਪਏ (D) 9100/- ਰੁਪਏ

114. 5000/- ਰੁਪਏ ਉੱਤੇ ਚੱਕਰਵ੍ਰਿਧੀ ਵਿਆਜ ਅਤੇ ਸਾਧਾਰਨ ਵਿਆਜ ਵਿਚ ਸਮਾਨ ਦਰ ਤੇ ਦੋ ਸਾਲਾਂ ਲਈ ਅੰਤਰ 72/- ਰੁਪਏ ਹੈ। ਪ੍ਰਤਿ ਵਰਸ਼ ਵਿਆਜ ਦਰ ਹੈ:

(A) 6 % (B) 8 % (C) 10 % (D) 12 %



StudySite.org StudySite.org

StudySite.org StudySite.org

115. ਇਕ ਆਇਤਾਕਾਰ ਮੈਦਾਨ ਦਾ ਪਾਸਾਰ 25 ਮੀ. x 15 ਮੀ. ਹੈ। ਇਸ ਦੇ ਕੇਂਦਰੀ ਹਿੱਸੇ ਵਿਚ 2 ਮੀ. ਚੁੜਾਈ ਦੇ ਦੋ ਪਰਸਪਰ ਲੰਬਕੋਣੀ ਰਸਤੇ ਛੱਡੇ ਗਏ ਹਨ ਅਤੇ ਬਾਕੀ ਦੇ ਮੈਦਾਨ ਵਿਚ ਘਾਹ ਲਗਾਇਆ ਗਿਆ ਹੈ। ਘਾਹ ਅਧੀਨ ਖੇਤਰ ਹੈ:

A) 295 $m^2$ B) 299 $m^2$ C) 300 $m^2$ D) 375 $m^2$

116. ਇਕ ਖ਼ੂਹ 22.5 ਮੀ. ਡੂੰਘਾ ਅਤੇ 7 ਮੀ. ਵਿਆਸ ਵਾਲਾ ਖੋਦਿਆ ਜਾਣਾ ਹੈ। ਇਸ ਦੀ ਅੰਦਰਲੀ ਟੇਢੀ ਸਤਹ ਉਪਰ 30 ਰੁਪਏ ਪ੍ਰਤਿ ਵਰਗ ਮੀਟਰ ਦੇ ਹਿਸਾਬ ਨਾਲ ਪਲਸਤਰ ਕਰਨ ਦੀ ਲਾਗਤ ਹੈ:

(A) 14650/- ਰੁਪਏ (B) 14850/- ਰੁਪਏ (C) 14750/- ਰੁਪਏ (D) 14950/- ਰੁਪਏ

117. 15 ਅਗਸਤ, 1947 ਨੂੰ ਹਫ਼ਤੇ ਦਾ ਕੀ ਦਿਨ ਸੀ:

(A) ਸੋਮਵਾਰ (B) ਮੰਗਲਵਾਰ (C) ਸ਼ੁੱਕਰਵਾਰ (D) ਸ਼ਨੀਵਾਰ


118. ਇਕ ਦਿਨ ਵਿਚ ਇਕ ਘੜੀ ਦੀਆਂ ਸੂਈਆਂ ਲੰਬ ਕੋਣ ਤੇ ਕਿੰਨੀ ਵਾਰ ਆਉਂਦੀਆਂ ਹਨ:

(A) 44 (B) 22 (C) 24 (D) 48

119. ਖਿਤਜੀ ਸਮਤਲ ਉਤੇ ਇਕ ਟਾਵਰ ਹੈ, ਜਿਸ ਦੀ ਚੋਟੀ ਉਪਰ ਧੁਜਾ-ਪੋਲ ਹੈ। ਟਾਵਰ ਦੇ ਆਧਾਰ ਤੋਂ 9 ਮੀ. ਦੀ ਦੂਰੀ ਤੇ, ਚੋਟੀ ਦੀ ਉਚਾਈ ਅਤੇ ਧੁਜਾ-ਪੋਲ ਦੇ ਤਲ ਤੇ ਕੋਣ ਕ੍ਰਮਵਾਰ 60° ਅਤੇ 30° ਹਨ। ਧੁਜਾ-ਪੋਲ ਦੀ ਉਚਾਈ ਹੈ:

A) $6\sqrt{3}m$ B) $5\sqrt{3}m$ C) $6\sqrt{2}m$ D) $4\,m$

120. ਪਾਈ-ਗ੍ਰਾਫ ਘਰ ਦੀ ਉਸਾਰੀ ਦੀ ਲਾਗਤ ਦਾ ਨਿਖੇੜਾ ਦਰਸਾਉਂਦਾ ਹੈ। ਉਸਾਰੀ ਦੀ ਕੁਲ ਲਾਗਤ 600000/- ਰੁਪਏ ਹੈ। ਮਜ਼ਦੂਰੀ ਉਪਰ ਖ਼ਰਚੀ ਰਾਸ਼ੀ ਲੋਹੇ ਉਪਰ ਖ਼ਰਚੀ ਰਾਸ਼ੀ ਤੋਂ ਕਿੰਨੀ ਵੱਧ ਹੈ:




(A) ਕੁਲ ਲਾਗਤ ਦਾ 5% (B) ਕੁਲ ਲਾਗਤ ਦਾ 10%

(C) ਕੁਲ ਲਾਗਤ ਦਾ 12% (D) ਕੁਲ ਲਾਗਤ ਦਾ 15%



StudySite.org StudySite.org

StudySite.org StudySite.org

| Key (Steno/Clerks)-Punjabi Medium | | | | | | | | | | | |
|---|---|---|---|---|---|---|---|---|---|---|---|
| Q | Ans | Q | Ans | Q | Ans | Q | Ans | Q | Ans | Q | Ans |
| 1 | D | 21 | D | 41 | C | 61 | A | 81 | C | 101 | B |
| 2 | A | 22 | A | 42 | B | 62 | C | 82 | A | 102 | B |
| 3 | B | 23 | B | 43 | D | 63 | A | 83 | D | 103 | B |
| 4 | C | 24 | C | 44 | A | 64 | C | 84 | B | 104 | D |
| 5 | D | 25 | D | 45 | C | 65 | B | 85 | A | 105 | A |
| 6 | B | 26 | B | 46 | D | 66 | A | 86 | B | 106 | C |
| 7 | C | 27 | B | 47 | A | 67 | A | 87 | D | 107 | C |
| 8 | C | 28 | C | 48 | C | 68 | A | 88 | C | 108 | A |
| 9 | A | 29 | A | 49 | C | 69 | B | 89 | C | 109 | D |
| 10 | A | 30 | D | 50 | D | 70 | C | 90 | D | 110 | C |
| 11 | C | 31 | B | 51 | C | 71 | C | 91 | D | 111 | C |
| 12 | B | 32 | C | 52 | A | 72 | D | 92 | B | 112 | A |
| 13 | A | 33 | A | 53 | A | 73 | B | 93 | A | 113 | D |
| 14 | B | 34 | D | 54 | C | 74 | C | 94 | C | 114 | D |
| 15 | D | 35 | B | 55 | B | 75 | A | 95 | B | 115 | B |
| 16 | C | 36 | B | 56 | A | 76 | D | 96 | A | 116 | B |
| 17 | B | 37 | A | 57 | X | 77 | B | 97 | C | 117 | C |
| 18 | A | 38 | D | 58 | B | 78 | C | 98 | D | 118 | A |
| 19 | B | 39 | B | 59 | X | 79 | A | 99 | A | 119 | A |
| 20 | C | 40 | B | 60 | D | 80 | B | 100 | D | 120 | B |

'X' means questions withdrawn

StudySite.org StudySite.org